**ਨਿਊਜ਼** ਰਿਲੀਜ਼

# ਐਲਬਰਟਾ ਦਾ ਹੈਰੀਟੇਜ ਫੰਡ ਨਵੀਆਂ ਸਿਖਰਾਂ ਨੂੰ ਛੂੰਹਦਾ ਹੈ

18 ਜੁਲਾਈ 2025 ਮੀਡੀਆ ਇੰਨਕੁਆਰੀਆਂ

## ਐਲਬਰਟਾ ਦੇ ਸੇਵਿੰਗਜ਼ ਟ੍ਰਸਟ ਫੰਡ 'ਚ 2.8 ਬਿਲੀਅਨ ਡਾਲਰ ਦਾ ਉਛਾਲ ਆਉਂਦਾ ਹੈ, ਅਤੇ ਇਹ 30 ਬਿਲੀਅਨ ਡਾਲਰ ਦੀ ਰਿਕਾਰਡ ਸਿਖਰ ਨੂੰ ਛੂਹ ਰਿਹਾ ਹੈ।

ਐਲਬਰਟਾ ਆਪਣਾ ਹੈਰੀਟੇਜ ਟ੍ਰਸਟ ਫੰਡ ਉਨ੍ਹਾਂ ਕੰਮਾਂ ਨੂੰ ਫੰਡ ਕਰਨ ਵਾਸਤੇ ਵਧਾ ਰਿਹਾ ਹੈ, ਜੋ ਸਭ ਤੋਂ ਵੱਧ ਮਾਅਨੇ ਰੱਖਦੇ ਹਨ - ਭਵਿੱਖ ਵਿਚ ਇਹ ਯਕੀਨੀ ਬਣਾਉਣ ਵਾਸਤੇ ਬੱਚਤ ਕਰ ਰਿਹਾ ਹੈ ਕਿ ਇਕ ਮਜ਼ਬੂਤ ਸਿਹਤ ਸੰਭਾਲ ਪ੍ਰਬੰਧ ਹੋਵੇ, ਉੱਚ ਦਰਜੇ ਦੀ ਵਿਦਿਆ ਹੋਵੇ ਅਤੇ ਕੈਨੇਡਾ ਵਿਚ ਸਭ ਤੋਂ ਘੱਟ ਟੈਕਸ ਵਾਲਾ ਮਾਹੌਲ ਹੋਵੇ। ਇਸ ਹੈਰੀਟੇਜ ਫੰਡ 'ਚ ਪੂੰਜੀ-ਨਿਵੇਸ਼ ਦੁਆਰਾ, 2050 ਤੱਕ ਐਲਬਰਟਾ ਆਪਣੇ ਅਰਥਚਾਰੇ ਨੂੰ ਤਕੜਿਆਂ ਕਰਨ, ਨਵੇਂ ਮੌਕੇ ਪੈਦਾ ਕਰਨ ਅਤੇ ਉਨ੍ਹਾਂ ਪ੍ਰਾਜੈਕਟਾਂ ਨੂੰ ਫੰਡਿੰਗ ਦੇਣ ਲਈ ਸਹੀ ਰਸਤੇ 'ਤੇ ਹੋਵੇਗਾ, ਜਿਹੜੇ ਐਲਬਰਟਾ ਵਾਸੀਆਂ ਦੀਆਂ ਜ਼ਿੰਦਗੀਆਂ ਨੂੰ ਹੋਰ ਚੰਗੇਰੀਆਂ ਬਣਾਉਂਦੇ ਹਨ।

ਇਹ 2.8 ਬਿਲੀਅਨ ਡਾਲਰ ਦਾ ਯੋਗਦਾਨ ਫੰਡ ਵਾਸਤੇ ਨਵਾਂ ਰਿਕਾਰਡ ਬਣਾਉਂਦਾ ਹੈ, ਅਤੇ ਸੂਬੇ ਨੂੰ 2050 ਤੱਕ 250 ਬਿਲੀਅਨ ਡਾਲਰ ਦੇ ਆਪਣੇ ਟੀਚੇ ਤੱਕ ਪੁੱਜਣ ਲਈ ਸਹੀ ਰਸਤੇ 'ਤੇ ਰੱਖਦਾ ਹੈ। ਨਿਸ਼ਾਨਾਂ ਫੰਡ ਨੂੰ ਉਸ ਪੁਆਇੰਟ ਤੱਕ ਲਿਜਾਣ ਦਾ ਹੈ ਜਿਥੇ, 2025 ਤੋਂ ਬਾਦ ਫੰਡ ਦੁਆਰਾ ਹਰੇਕ ਸਾਲ ਕਮਾਈ ਗਈ ਆਮਦਨੀ 'ਚੋਂ ਐਲਬਰਟਾ ਕੁਝ ਆਮਦਨੀ ਕੱਢ ਸਕਣ ਦੇ ਯੋਗ ਹੋਵੇ, ਜਦੋਂ ਕਿ ਸਮੇਂ ਦੇ ਬੀਤਣ ਨਾਲ ਫੰਡ 'ਚ ਵੀ ਵਾਧਾ ਹੁੰਦਾ ਰਹੇ। ਉਹ ਕਢਾਏ ਗਏ ਪੈਸੇ ਸਰੋਤਾਂ ਤੋਂ ਆਉਂਦੇ ਰੈਵੇਨਿਊ ਦੇ ਵਧਣ ਘਟਣ ਨੂੰ ਕਵਰ ਕਰਨ 'ਚ, ਮਹੱਤਵਪੂਰਨ ਇੰਨਫ੍ਰਾਸਟ੍ਰੱਕਚਰਾਂ 'ਚ ਪੂੰਜੀ-ਨਿਵੇਸ਼ ਕਰਨ ਅਤੇ ਟੈਕਸਾਂ ਨੂੰ ਘੱਟ ਰੱਖਣ 'ਚ ਮਦਦ ਕਰਨਗੇ।

“ਐਲਬਰਟਾ ਸਰੋਤਾਂ ਦੀ ਆਮਦਨ ਨੂੰ ਬਣੀ ਰਹਿਣ ਵਾਲੀ ਵਿੱਤੀ ਸੁਰੱਖਿਆ 'ਚ ਬਦਲ ਰਿਹਾ ਹੈ। ਹੈਰੀਟੇਜ ਫੰਡ 'ਚ ਵਾਧਾ ਕਰਨ ਦੁਆਰਾ, ਅਸੀਂ ਮੂਲ ਸੇਵਾਵਾਂ, ਜਿਵੇਂ ਸਿਹਤ ਸੰਭਾਲ ਅਤੇ ਵਿਦਿਆ ਨੂੰ ਮਜ਼ਬੂਤ ਕਰ ਰਹੇ ਹਾਂ, ਜਦੋਂ ਕਿ ਘੱਟ-ਟੈਕਸ ਵਾਲੇ ਐਲਬਰਟਾ ਐਡਵਾਂਟੇਜ ਪ੍ਰੋਗਰਾਮ ਨੂੰ ਬਣਾਈ ਰੱਖ ਰਹੇ ਹਾਂ। ਹੈਰੀਟੇਜ ਫੰਡ ਵਿਚ ਇਹ 2.8 ਬਿਲੀਅਨ ਡਾਲਰ ਦਾ ਵਾਧਾ ਇਕ ਦਲੇਰੀ ਭਰਿਆ ਵੱਡਾ ਕਦਮ ਹੈ ਜਿਹੜਾ ਸੂਬੇ ਨੂੰ  ਸਫਲਤਾ ਦੇ ਰਾਹ 'ਤੇ ਪਾਉਂਦਾ  ਹੈ ਅਤੇ ਐਲਬਰਟਾ ਵਾਸੀਆਂ ਨੂੰ ਪਹਿਲੇ ਨੰਬਰ 'ਤੇ ਰੱਖਦਾ ਹੈ।”

*Danielle Smith, ਪ੍ਰੀਮੀਅਰ*

“ਇਹ ਪੂੰਜੀ-ਨਿਵੇਸ਼ ਐਲਬਰਟਾ ਵਾਸੀਆਂ ਲਈ ਅੱਜ ਅਤੇ ਭਲਕ ਵਾਸਤੇ ਸਥਿਰ ਆਮਦਨੀਆਂ ਅਤੇ ਮੁਕਾਬਲਤਨ ਟੈਕਸਾਂ ਸਹਿਤ ਖੁਸ਼ਹਾਲ ਭਵਿੱਖ ਬਣਾਉਣ ਵੱਲ ਨੂੰ ਇਕ ਮਹੱਤਵਪੂਰਨ ਕਦਮ ਹੈ।”

*Nate Horner, ਪ੍ਰੈਜ਼ੀਡੈਂਟ ਆਫ ਟ੍ਰੇਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

ਐਲਬਰਟਾ ਸਰਕਾਰ ਨੇ ਹੁਣੇ ਜਹੇ ਆਪਣੀ ਯੋਜਨਾਂ, ਰਿਨਿਊਇੰਗ ਦਿ ਐਲਬਰਟਾ ਹੈਰੀਟੇਜ ਸੇਵਿੰਗਜ਼ ਟ੍ਰਸਟ ਫੰਡ: ਏ ਰੋਡਮੈਪ ਟੂ ਸਕਿਉਰਿੰਗ ਐਲਬਰਟਾ'ਜ਼ ਫਿਊਚਰ ਸ਼ੁਰੂ ਕੀਤੀ ਹੈ। ਇਹ ਯੋਜਨਾਂ ਦੱਸਦੀ ਹੈ ਕਿ ਕਿਵੇਂ ਐਲਬਰਟਾ ਰਣਨੀਤਕ ਪੂੰਜੀ-ਨਿਵੇਸ਼ਾਂ, ਗਲੋਬਲ ਭਾਈਵਾਲੀਆਂ ਅਤੇ ਮਜ਼ਬੂਤ ਪ੍ਰਸ਼ਾਸਨ ਦੁਆਰਾ 2050 ਤੱਕ ਹੈਰੀਟੇਜ ਫੰਡ ਨੂੰ 250 ਬਿਲੀਅਨ ਡਾਲਰ ਤੱਕ ਵਧਾਵੇਗਾ, ਜਿਸ ਨਾਲ ਲੰਮੇਰੇ ਸਮੇਂ ਦਾ ਵਿੱਤੀ ਵਾਧਾ ਅਤੇ ਸਥਿਰਤਾ ਯਕੀਨੀ ਬਣਨਗੇ। ਇਹ ਰਣਨੀਤਕ ਪੂੰਜੀ-ਨਿਵੇਸ਼ ਅੰਤ ਨੂੰ ਪਬਲਿਕ ਸੇਵਾਵਾਂ ਨੂੰ ਅਤੇ ਉਸ ਮਹੱਤਵਪੂਰਨ ਇੰਨਫ੍ਰਾਸਟ੍ਰੱਕਚਰ ਨੂੰ ਫੰਡ ਕਰਨਗੇ ਜਿਹੜੇ ਪ੍ਰਫੁਲਤ ਹੋ ਰਹੇ ਸੂਬੇ ਲਈ ਸਹਾਈ ਬਣਦੇ ਹਨ।

ਯੋਜਨਾਂ ਦੇ ਕੇਂਦਰ 'ਚ ਹੈ ਹੈਰੀਟੇਜ ਫੰਡ ਔਪਰਚਿਊਨਿਟੀਜ਼ ਕਾਰਪੋਰੇਸ਼ਨ ਦੀ ਲੀਡਰਸ਼ਿੱਪ। ਅੱਪਡੇਟ ਕੀਤੀ ਗਈ ਕਾਰਪੋਰੇਸ਼ਨ ਫੰਡ ਦੇ ਪ੍ਰਬੰਧਨ ਦਾ ਆਧੁਨਿਕੀਕਰਨ ਕਰੇਗੀ ਅਤੇ ਅਰਥਪੂਰਨ ਦੌਲਤ ਅਤੇ ਭਵਿੱਖੀ ਖੁਸ਼ਹਾਲੀ ਪੈਦਾ ਕਰਨ ਲਈ ਐਲਬਰਟਾ ਨੂੰ ਗਲੋਬਲ ਪੂੰਜੀ-ਨਿਵੇਸ਼ ਮੌਕਿਆਂ ਤੱਕ ਪਹੁੰਚ ਕਰਨ 'ਚ ਮਦਦ ਕਰੇਗੀ। ਬੋਰਡ ਦੇ ਪ੍ਰਧਾਨ ਜੋਅ ਲੋਹੀਡ ਦੀ ਅਗਵਾਈ 'ਚ ਕਾਰਪੋਰੇਸ਼ਨ ਹੈਰੀਟੇਜ ਫੰਡ ਦੀਆਂ ਸੰਪਤੀਆਂ ਦੇ ਪ੍ਰਸ਼ਾਸਨ ਨੂੰ ਮਜ਼ਬੂਤ ਕਰੇਗੀ ਅਤੇ ਸਰਕਾਰ ਤੋਂ ਆਜ਼ਾਦ ਰਹਿੰਦਿਆਂ ਪੂੰਜੀ-ਨਿਵੇਸ਼ ਫੈਸਲਿਆਂ ਨੂੰ ਸਹਿਯੋਗ ਦੇਵੇਗੀ।

"ਸਾਡਾ ਰੋਲ ਇਹ ਯਕੀਨੀ ਬਣਾਉਣਾ ਹੈ ਕਿ ਹੈਰੀਟੇਜ ਫੰਡ ਦਾ ਪ੍ਰਬੰਧਨ ਉੱਚਤਮ ਪ੍ਰਸ਼ਾਸਕੀ ਮਿਆਰਾਂ ਸਹਿਤ ਅਤੇ ਸਵਤੰਤਰ ਰੂਪ 'ਚ ਹੋਵੇ। ਗਲੋਬਲ ਮੌਕਿਆਂ ਨੂੰ ਪ੍ਰਾਪਤ ਕਰਨ ਅਤੇ ਆਪਣੀ ਨਿਗਰਾਨੀ ਦਾ ਆਧੁਨਿਕੀਕਰਨ ਕਰਨ ਦੁਆਰਾ ਅਸੀਂ ਐਲਬਰਟਾ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਥਿਰ, ਲੰਮੇਰੀ ਮਿਆਦ ਦੀ ਖੁਸ਼ਹਾਲੀ ਲਿਆਉਣ ਵਾਸਤੇ ਐਲਬਰਟਾ ਦੀ ਦੌਲਤ ਦੀ ਪਹਿਰੇਦਾਰੀ ਕਰ ਰਹੇ ਹਾਂ।"

*Joe Lougheed, ਚੇਅਰ, ਹੈਰੀਟੇਜ ਫੰਡ ਔਪਰਚਿਊਨਿਟੀਜ਼ ਕਾਰਪੋਰੇਸ਼ਨ*

ਐਲਬਰਟਾ ਦੇ ਹੈਰੀਟੇਜ ਫੰਡ 'ਚ ਇਹ ਇਤਿਹਾਸਕ ਵਾਧਾ ਕੇਵਲ ਨੰਬਰਾਂ ਦਾ ਹੀ ਨਹੀਂ - ਇਹ ਉਸ ਭਵਿੱਖ ਦੀ ਉਸਾਰੀ ਬਾਰੇ ਹੈ, ਜਿੱਥੇ ਭਾਵੇਂ ਕਿ ਅਗਾਂਹ ਕੁਝ ਵੀ ਹੋਵੇ, ਪਰਿਵਾਰ ਪ੍ਰਫੁਲਤ ਹੋਣ, ਕਮਿਊਨਿਟੀਆਂ ਤਰੱਕੀ ਕਰਨ ਅਤੇ ਐਲਬਰਟਾ ਮਜ਼ਬੂਤ ਬਣਿਆ ਰਹੇ।

## ਫੌਰੀ ਤੱਥ:

- ਐਲਬਰਟਾ ਸਰਕਾਰ ਨੇ 2024-25 ਦੇ ਬਕਾਇਆ ਕੈਸ਼ 'ਚੋਂ 2.8 ਬਿਲੀਅਨ ਡਾਲਰ ਹੈਰੀਟੇਜ ਫੰਡ 'ਚ ਨਿਵੇਸ਼ ਕੀਤੇ ਹਨ, ਜਿਸ ਨਾਲ ਫੰਡ 2024-25 ਵਿਚਲੇ 27.2 ਬਿਲੀਅਨ ਡਾਲਰ ਤੋਂ ਵਧ ਕੇ 30 ਬਿਲੀਅਨ ਡਾਲਰ ਹੋ ਗਿਆ।
    - ਇਹ ਪਹਿਲੇ ਵਿੱਤੀ ਵਰ੍ਹੇ 2023-24 ਦੇ 22.9 ਬਿਲੀਅਨ ਡਾਲਰ ਨਾਲੋਂ ਵੱਧ ਹੈ।
- ਐਲਬਰਟਾ ਦਾ ਨਿਸ਼ਾਨਾਂ ਫੰਡ ਨੂੰ 2050 ਤੱਕ 250 ਬਿਲੀਅਨ ਡਾਲਰ ਤੱਕ ਵਧਾਉਣ ਦਾ ਹੈ।

- ਜਦੋਂ ਇਹ 250 ਬਿਲੀਅਨ ਡਾਲਰ 'ਤੇ ਪਹੁੰਚ ਜਾਂਦਾ ਹੈ, ਤਾਂ ਇਸ ਪੈਸੇ ਤੋਂ ਮਿਲਣ ਵਾਲਾ ਵਿਆਜ ਦਾ ਪੈਸਾ ਸਰੋਤ ਆਮਦਨੀ ਨੂੰ ਸਥਿਰ ਕਰਨ, ਇੰਨਫ੍ਰਾਸਟ੍ਰੱਕਚਰ 'ਚ ਪੂੰਜੀ-ਨਿਵੇਸ਼ ਕਰਨ ਅਤੇ ਟੈਕਸਾਂ ਨੂੰ ਘੱਟ ਰੱਖਣ 'ਚ ਮਦਦ ਕਰੇਗਾ।

- 2019-20 ਤੋਂ ਲੈ ਕੇ ਹੈਰੀਟੇਜ ਫੰਡ 84 ਪ੍ਰਤਿਸ਼ਤ ਤੋਂ ਵਧੇਰੇ ਵਧ ਚੁੱਕਾ ਹੈ:
  - 16.3 ਬਿਲੀਅਨ ਡਾਲਰ ਤੋਂ 30 ਬਿਲੀਅਨ ਡਾਲਰ ਤੱਕ।
- 2022-23 ਤੋਂ ਲੈ ਕੇ ਹੈਰੀਟੇਜ ਫੰਡ 41.5 ਪ੍ਰਤਿਸ਼ਤ ਤੋਂ ਵਧੇਰੇ ਵਧ ਚੁੱਕਾ ਹੈ।
  - 21.2 ਬਿਲੀਅਨਰ ਡਾਲਰ ਤੋਂ 30 ਬਿਲੀਅਨ ਡਾਲਰ ਤੱਕ।
- ਹੈਰੀਟੇਜ ਫੰਡ ਔਪਰਚਿਊਨਿਟੀਜ਼ ਕਾਰਪੋਰੇਸ਼ਨ ਦੇ ਬੋਡਰ ਨੇ ਐਲਬਰਟਾ ਨੂੰ ਲੰਮੇਰੀ ਮਿਆਦ ਦੀ ਕਾਮਯਾਬੀ ਲਈ ਸਥਿੱਤ ਕਰਨ ਵਾਸਤੇ ਐਲਬਰਟਾ ਦੇ ਹੁਨਰਾਂ ਅਤੇ ਮੁਹਾਰਤਾਂ ਨੂੰ ਪੂੰਜੀ-ਨਿਵੇਸ਼ ਪ੍ਰਬੰਧਨ ਦੇ ਅੰਤਰਰਾਸ਼ਟਰੀ ਲੀਡਰਾਂ ਨਾਲ ਮਿਲਾ ਕੇ ਇਕੱਠਿਆਂ ਕੀਤਾ ਹੈ। ਮੌਜੂਦਾ ਮੈਂਬਰ ਹਨ:
  - ਜੋਅ ਲੋਹੀਡ, ਬੋਰਡ ਚੇਅਰ, ਐਲਬਰਟਾ
  - ਕੇਟ ਵਾਈਟ, ਡਾਇਰੈਕਟਰ, ਐਲਬਰਟਾ
  - ਜੈਕੁਇਲਿਨ ਕਰਜ਼ਨ, ਡਾਇਰੈਕਟਰ, ਸਵਿਟਜ਼ਰਲੈਂਡ
  - ਜਾਊਕੋ ਕਾਰਵਿਨਨ, ਡਾਇਰੈਕਟਰ, ਫਿਨਲੈਂਡ
  - ਚਾਨਾ ਮਾਰਟਿਨਿਊ, ਡਾਇਰੈਟਰ, ਐਲਬਰਟਾ
  - ਮੇਰੀ ਰਿੱਚੀ, ਡਾਇਰੈਕਟਰ, ਐਲਬਰਟਾ

## ਸਬੰਧਤ ਜਾਣਕਾਰੀ

- ਹੈਰੀਟੇਜ ਸੇਵਿੰਗਜ਼ ਟ੍ਰਸਟ ਫੰਡ
- ਰਿਨਿਊਇੰਗ ਦਿ ਐਲਬਰਟਾ ਹੈਰੀਟੇਜ ਸੇਵਿੰਗਜ਼ ਟ੍ਰਸਟ ਫੰਡ: ਏ ਰੋਡਮੈਪ ਟੂ ਸਕਿਉਰਿੰਗ ਐਲਬਰਟਾ'ਜ਼ ਫਿਊਚਰ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

ਨਿਊਜ਼ ਰਿਲੀਜ਼

## ਮੀਡੀਆ ਇੰਨੁਕਆਰੀਆਂ

**Sam Blackett**

587-589-6048
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

**Marisa Breeze**

780-235-4427
ਪ੍ਰੈੱਸ ਸੈਕਰੇਟਰੀ, ਟ੍ਰੱਈਜ਼ਰੀ ਬੋਰਡ ਐਂਡ ਫਾਇਨੈਂਸ